# ਪਿੱਠਭੂਮੀ 5

ਤੁਰੰਤ ਜਾਰੀ ਕਰਨ ਲਈ ਵਿੱਤ ਮੰਤਰਾਲਾ
28 ਫ਼ਰਵਰੀ, 2023

**ਵਿੱਤੀ ਯੋਜਨਾ 2023-24 – 2025-26**

*ਬੱਜਟ 2023* ਸਾਰਿਆਂ ਲਈ ਇੱਕ ਮਜ਼ਬੂਤ, ਟਿਕਾਊ ਭਵਿੱਖ ਦਾ ਨਿਰਮਾਣ ਕਰਦੇ ਹੋਏ, ਉਹਨਾਂ ਚੁਣੌਤੀਆਂ ਨੂੰ ਸੰਬੋਧਿਤ ਕਰਦਾ ਹੈ ਜਿਨ੍ਹਾਂ ਦਾ ਸਾਹਮਣਾ ਲੋਕ ਅੱਜ ਕਰ ਰਹੇ ਹਨ। ਬੱਜਟ 'ਫਿਸਕਲ ਪਲੈਨਿੰਗ' (ਵਿੱਤੀ ਯੋਜਨਾਬੰਦੀ) ਵੱਲ ਸੂਬੇ ਦੀ ਇੱਕ ਸਮਝਦਾਰ ਪਹੁੰਚ ਬਣਾਏ ਰੱਖਣਾ ਜਾਰੀ ਰੱਖਦਾ ਹੈ, ਉਹਨਾਂ ਮੁੱਦਿਆਂ ਨੂੰ ਤਰਜੀਹ ਦਿੰਦੇ ਹੋਏ ਜੋ ਸਭ ਤੋਂ ਵੱਧ ਜ਼ਰੂਰੀ ਹਨ: ਲੋਕਾਂ ਦੀ ਖਰਚਿਆਂ ਵਿੱਚ ਮਦਦ ਕਰਨਾ, ਰਿਹਾਇਸ਼ੀ ਸੰਕਟ ਨਾਲ ਨਜਿੱਠਣਾ, ਸਿਹਤ ਅਤੇ ਮਾਨਸਿਕ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨਾ, ਸੁਰੱਖਿਅਤ ਅਤੇ ਸਿਹਤਮੰਦ ਕਮਿਊਨਿਟੀਆਂ ਨੂੰ ਸਹਿਯੋਗ ਦੇਣਾ, ਅਤੇ ਇੱਕ ਟਿਕਾਊ ਅਰਥਵਿਵਸਥਾ ਦੀ ਹਿਮਾਇਤ ਕਰਨਾ ਜੋ ਹਰੇਕ ਲਈ ਕੰਮ ਕਰਦੀ ਹੈ।

## ਬੱਜਟ ਆਉਟਲੁੱਕ (ਆਉਣ ਵਾਲੇ ਸਮੇਂ ਵਿੱਚ ਖਰਚੇ ਦਾ ਅਨੁਮਾਨਿਤ ਬਿਓਰਾ)

ਬੱਜਟ 2023 ਦੀ ਤਿੰਨ ਸਾਲਾ ਵਿੱਤੀ ਯੋਜਨਾ ਘਾਟੇ ਵਿੱਚ ਹੋ ਰਹੀ ਕਮੀ ਨੂੰ ਦਰਸਾਉਂਦੀ ਹੈ:

- 2023-24 ਵਿੱਚ $4.2 ਬਿਲੀਅਨ
- 2024-25 ਵਿੱਚ $3.8 ਬਿਲੀਅਨ
- 2025-26 ਵਿੱਚ $3.0 ਬਿਲੀਅਨ

ਬੀ.ਸੀ. ਸਰਕਾਰ ਨੇ ਸੰਭਾਵਿਤ ਉਮੀਦ-ਤੋਂ-ਘੱਟ ਆਮਦਨੀ ਅਤੇ ਅਚਨਚੇਤ ਖਰਚਿਆਂ ਜਾਂ ਐਮਰਜੈਂਸੀਆਂ ਨਾਲ ਨਜਿੱਠਣ ਲਈ ਸਮਝਦਾਰੀ ਦੀਆਂ ਪਰਤਾਂ ਸ਼ਾਮਲ ਕੀਤੀਆਂ ਹਨ। *ਬੱਜਟ 2023* ਵਿੱਚ, 2023-24 ਲਈ $700 ਮਿਲੀਅਨ ਦਾ ਪੂਰਵ ਅਨੁਮਾਨ ਭੱਤਾ, ਅਤੇ 2024-25 ਅਤੇ 2025-26, ਹਰੇਕ ਵਿੱਚ $500 ਮਿਲੀਅਨ ਸ਼ਾਮਲ ਹੈ।

ਸਰਕਾਰ ਨੇ 2023-24 ਵਿੱਚ $2.3 ਬਿਲੀਅਨ, 2024-25 ਵਿੱਚ $2.2 ਬਿਲੀਅਨ, ਅਤੇ 2025-26 ਵਿੱਚ $1.2 ਬਿਲੀਅਨ ਜਲਵਾਯੂ ਅਤੇ ਐਮਰਜੈਂਸੀ ਪ੍ਰਤਿਕਿਰਿਆ, ਕਲੀਨ ਬੀ ਸੀ (CleanBC), ਅਤੇ ਨਵੇਂ ਅਤੇ ਮੌਜੂਦਾ ਪ੍ਰੋਗਰਾਮਾਂ ਵਿੱਚ ਅਨਿਸ਼ਚਿਤ ਖਰਚਿਆਂ ਲਈ ਇੱਕ ਪਾਸੇ ਰੱਖਿਆ ਹੈ। ਵਧੇਰੇ ਅਚਨਚੇਤ ਖਰਚਿਆਂ ਵਿੱਚ ਮਹਾਂਮਾਰੀ ਤੋਂ ਮੁੜ-ਬਹਾਲੀ ਲਈ $1 ਬਿਲੀਅਨ, ਅਤੇ 2023-24 ਵਿੱਚ $2.2 ਬਿਲੀਅਨ, 2024-25 ਵਿੱਚ $2.6 ਬਿਲੀਅਨ 'ਸ਼ੇਅਰਡ ਰਿਕਵਰੀ ਮੈਨਡੇਟ' ਦੀ ਲਾਗਤ ਦੇ ਨਾਲ-ਨਾਲ 2025-26 ਵਿੱਚ ਭਵਿੱਖੀ ਲਾਗਤ ਦੇ ਦਬਾਅ ਲਈ $800 ਮਿਲੀਅਨ ਹੋਰ ਸ਼ਾਮਲ ਹਨ।

*2022 ਦਾ ਸ਼ੇਅਰਡ ਰਿਕਵਰੀ ਮੈਨਡੇਟ* ਬੀ.ਸੀ. ਦੇ ਪਬਲਿਕ ਸੈਕਟਰ ਦੇ ਕਾਮਿਆਂ ਲਈ ਤਨਖਾਹ ਵਿੱਚ ਵਾਧੇ ਅਤੇ ਮਹਿੰਗਾਈ ਤੋਂ ਸੁਰੱਖਿਆ ਦਿੰਦਾ ਹੈ, ਤਾਂ ਜੋ ਉਹਨਾਂ ਸੇਵਾਵਾਂ ਦੀ ਸੁਰੱਖਿਆ ਅਤੇ ਸੁਧਾਰ ਵਿੱਚ ਮਦਦ ਹੋ ਸਕੇ ਜਿਨ੍ਹਾਂ 'ਤੇ ਲੋਕ ਨਿਰਭਰ ਹਨ – ਜਿਵੇਂ ਕਿ ਸਿਹਤ-ਸੰਭਾਲ ਅਤੇ ਸਿੱਖਿਆ। $5.4 ਬਿਲੀਅਨ ਦੀ ਚੱਲ ਰਹੀ ਸਾਲਾਨਾ ਲਾਗਤ ਦੇ ਨਾਲ, ਤਿੰਨ ਸਾਲਾਂ ਦੀ ਮੈਨਡੇਟ ਮਿਆਦ (2022/23 ਤੋਂ 2024/25) ਵਿੱਚ $10.8 ਬਿਲੀਅਨ ਦੀ ਲਾਗਤ ਦਾ ਅਨੁਮਾਨ ਹੈ। *ਬੱਜਟ 2023*, 2022 ਵਿੱਚ ਮੈਨਡੇਟ ਦੀ ਸ਼ੁਰੂਆਤ ਤੋਂ, *ਸ਼ੇਅਰਡ ਰਿਕਵਰੀ ਮੈਨਡੇਟ* ਦੇ ਤਹਿਤ ਸਮਝੌਤਿਆਂ ਦਾ ਸਹਿਯੋਗ ਕਰਨ ਲਈ ਤਿੰਨ ਸਾਲਾਂ ਵਿੱਚ $15 ਬਿਲੀਅਨ ਤੋਂ ਵੱਧ ਪ੍ਰਦਾਨ ਕਰਦਾ ਹੈ (ਜਿਸ ਵਿੱਚ ਅਚਨਚੇਤੀ ਰਕਮਾਂ ਲਈ ਫੰਡਿੰਗ ਸ਼ਾਮਲ ਹੈ)।

## ਆਉਣ ਵਾਲੇ ਸਮੇਂ ਵਿੱਚ ਆਰਥਕਤਾ ਦਾ ਅਨੁਮਾਨਿਤ ਬਿਓਰਾ

ਸੂਬੇ ਦੀ ਆਰਥਕਤਾ 2022 ਵਿੱਚ ਅੰਦਾਜ਼ਨ 2.8% ਵਧੀ ਹੈ, ਅਤੇ ਵਿਕਾਸ ਦਰ 2023 ਵਿੱਚ ਘੱਟ ਕੇ 0.4% ਤੱਕ ਹੋਣ ਦੀ ਸੰਭਾਵਨਾ ਹੈ। ਕੁਝ ਸਮੇਂ ਲਈ ਇਹ ਘਟਦਾ ਹੋਇਆ ਆਰਥਕ ਵਿਕਾਸ, ਜਿਸ ਨੂੰ ਹਰ ਖੇਤਰ ਵਿੱਚ ਵੇਖਿਆ ਜਾ ਰਿਹਾ ਹੈ, ਪੂਰੇ

ਵਿਸ਼ਵ ਦੇ ਘਟਦੇ ਹੋਏ ਆਰਥਕ ਵਿਕਾਸ ਨੂੰ, ਅਤੇ ਨਾਲ ਹੀ ਕੈਨੇਡਾ-ਭਰ ਵਿੱਚ ਉੱਚੀਆਂ ਕੀਮਤਾਂ ਅਤੇ ਵਧੀਆਂ ਵਿਆਜ ਦਰਾਂ ਦੇ ਸੰਯੁਕਤ ਪ੍ਰਭਾਵਾਂ ਨੂੰ ਵੀ ਦਰਸਾਉਂਦਾ ਹੈ। ਅਸਲ ਗਰੌਸ ਡੋਮੈਸਟਿਕ ਪ੍ਰੌਡੱਕਟ (GDP) ਵਿੱਚ ਫਿਰ ਤੋਂ 2024 ਵਿੱਚ 1.5% ਦਾ ਵਾਧਾ, ਅਤੇ ਮੱਧਮ-ਮਿਆਦ (2025 ਤੋਂ 2027) ਵਿੱਚ ਸਲਾਨਾ 2.2% ਅਤੇ 2.4% ਦੇ ਵਿਚਕਾਰ ਵਾਧਾ ਹੋਣ ਦੀ ਉਮੀਦ ਹੈ। ਬੱਜਟ 2023 ਦੇ ਅਨੁਮਾਨ ਆਉਣ ਵਾਲੇ ਸਮੇਂ ਲਈ ਚੌਕਸ ਹਨ ਅਤੇ 13 ਮੈਂਬਰਾਂ ਵਾਲੇ ਸੁਤੰਤਰ 'ਇੱਕੋਨੌਮਿਕ ਫੋਰਕਾਸਟ ਕਾਊਂਸਿਲ' ਦੁਆਰਾ ਦਿੱਤੇ ਗਏ ਔਸਤਨ ਆਉਟਲੁੱਕ ਨਾਲ ਮੇਲ ਖਾਂਦੇ ਹਨ।

## ਆਉਣ ਵਾਲੇ ਸਮੇਂ ਵਿੱਚ ਆਮਦਨੀ ਦਾ ਅਨੁਮਾਨਿਤ ਬਿਓਰਾ

2023-24 ਵਿੱਚ ਕੁੱਲ ਸਰਕਾਰੀ ਆਮਦਨੀ $77.7 ਬਿਲੀਅਨ, 2024-25 ਵਿੱਚ $79.7 ਬਿਲੀਅਨ ਅਤੇ 2025-26 ਵਿੱਚ $82.2 ਬਿਲੀਅਨ ਹੋਣ ਦੀ ਭਵਿੱਖਬਾਣੀ ਹੈ। ਆਮਦਨੀ ਵਿੱਚ ਇਹ ਕ੍ਰਮਵਾਰ ਵਾਧਾ, ਆਬਾਦੀ ਵਿੱਚ ਅਹਿਮ ਵਾਧੇ ਦੇ ਕਾਰਣ ਵੱਧ ਰਹੇ ਟੈਕਸ ਅਦਾ ਕਰਨ ਵਾਲਿਆਂ 'ਤੇ ਨਿਰਭਰ ਕਰਦਾ ਹੈ, ਅਤੇ ਨੌਮਿਨਲ ਜੀ ਡੀ ਪੀ (Nominal GDP) ਦੁਆਰਾ ਸਮਰੱਥ ਹੁੰਦਾ ਹੈ, ਜੋ ਕਿ ਘਟੀ ਹੋਈ ਕੁਦਰਤੀ ਸਰੋਤਾਂ ਤੋਂ ਆ ਰਹੀ ਆਮਦਨੀ ਦੇ ਨਾਲ ਅੰਸ਼ਕ ਤੌਰ 'ਤੇ ਸੰਤੁਲਿਤ ਹੁੰਦਾ ਹੈ, ਜਿਸ ਵਿੱਚ ਵਸਤੂਆਂ ਦੀਆਂ ਘੱਟ ਕੀਮਤਾਂ ਅਤੇ 'ਫਲੈਟ ਫੌਰੇਸਟ੍ਰੀ' (ਜੰਗਲਾਂ ਵਿੱਚ ਛੋਟੇ ਟਿੱਲਿਆਂ ਦੇ ਰੂਪ ਵਿੱਚ ਪਹਿਲਾਂ ਤੋਂ ਜ਼ਮੀਨ ਤਿਆਰ ਕੀਤੇ ਬਿਨਾਂ, ਸਿੱਧੇ ਧਰਤੀ ਵਿੱਚ ਦਰੱਖਤ ਲਗਾਉਣ ਦੀ ਪ੍ਰਤਿਕਿਰਿਆ) ਤੋਂ ਆਉਣ ਵਾਲੀ ਆਮਦਨੀ ਵੀ ਸ਼ਾਮਲ ਹੈ।

2023-24 ਲਈ ਆਮਦਨੀ 2022-23 ਦੇ ਮੁਕਾਬਲੇ ਕੁਝ ਘੱਟ ਰਹਿਣ ਦੀ ਉਮੀਦ ਹੈ, ਜਿਸਦਾ ਕਾਰਨ 2021 ਟੈਕਸ ਸਾਲ ਲਈ ਕੈਨੇਡਾ ਰੈਵੇਨਿਊ ਏਜੰਸੀ ਤੋਂ ਅਨੁਮਾਨਿਤ ਇੰਕਮ-ਟੈਕਸ ਤੋਂ ਉਮੀਦ ਤੋਂ ਵੱਧ ਆ ਰਹੀ ਆਮਦਨੀ ਹੈ।

## ਆਉਣ ਵਾਲੇ ਸਮੇਂ ਵਿੱਚ ਹੋਣ ਵਾਲੇ ਅਨੁਮਾਨਿਤ ਖਰਚਿਆਂ ਦਾ ਬਿਓਰਾ

ਤਿੰਨ ਸਾਲਾਂ ਦੀ ਵਿੱਤੀ ਯੋਜਨਾ ਦੇ ਖਰਚੇ 2023-24 ਵਿੱਚ $81.2 ਬਿਲੀਅਨ, 2024-25 ਵਿੱਚ $83 ਬਿਲੀਅਨ ਅਤੇ 2025-26 ਵਿੱਚ $84.8 ਬਿਲੀਅਨ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ, ਤਾਂ ਜੋ ਉਹਨਾਂ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਸਹਾਇਤਾ ਕਰਨ ਵਿੱਚ ਮਦਦ ਕੀਤੀ ਜਾ ਸਕੇ ਜਿਨ੍ਹਾਂ ਉੱਤੇ ਲੋਕ ਨਿਰਭਰ ਕਰਦੇ ਹਨ, ਨਾਲ ਹੀ ਸਿਹਤ ਸੰਭਾਲ, ਮਾਨਸਿਕ ਸਿਹਤ, ਰਿਹਾਇਸ਼, ਜਨਤਕ ਸੁਰੱਖਿਆ ਵਿੱਚ ਕਾਰਜਨੀਤਕ ਨਿਵੇਸ਼ ਅਤੇ ਵੱਧਦੇ ਖਰਚਿਆਂ ਵਿੱਚ ਲੋਕਾਂ ਦੀ ਮਦਦ ਕੀਤੀ ਜਾ ਸਕੇ।

## ਪੂੰਜੀਗਤ ਖਰਚੇ

ਵਿੱਤੀ ਯੋਜਨਾ ਦੌਰਾਨ ਟੈਕਸ ਅਦਾ ਕਰਨ ਵਾਲਿਆਂ ਦੀ ਸਹਾਇਤਾ ਨਾਲ ਹੋਇਆ ਪੂੰਜੀਗਤ ਖਰਚਾ $37.5 ਬਿਲੀਅਨ ਹੋਣ ਦਾ ਅਨੁਮਾਨ ਹੈ ਅਤੇ ਇਸ ਵਿੱਚ ਰਿਹਾਇਸ਼, ਹਸਪਤਾਲ, ਸਕੂਲ, ਪੋਸਟ-ਸੈਕੰਡਰੀ ਫੈਸਿਲਿਟੀਆਂ, ਟ੍ਰਾਂਜ਼ਿਟ (ਪਬਲਿਕ ਯਾਤਾਯਾਤ), ਸੜਕਾਂ ਅਤੇ ਪੁੱਲਾਂ ਸਮੇਤ ਸੂਬਾਈ ਬੁਨਿਆਦੀ ਢਾਂਚੇ ਨੂੰ ਕਾਇਮ ਰੱਖਣ ਅਤੇ ਵਿਸਤਾਰ ਕਰਨ ਲਈ ਨਿਵੇਸ਼ ਸ਼ਾਮਲ ਹੈ।

## ਕਰਜ਼ਾ ਬਰਦਾਸ਼ਤ ਕਰਨ ਦੀ ਹੱਦ

ਬੀ.ਸੀ. ਦੇ ਟੈਕਸ ਅਦਾ ਕਰਨ ਵਾਲਿਆਂ ਦੀ ਸਹਾਇਤਾ ਨਾਲ ਇਕੱਠਾ ਹੋਇਆ ਕਰਜ਼ਾ, 2022-23 ਦੇ ਅੰਤ ਵਿੱਚ $63.7 ਬਿਲੀਅਨ ਹੋਣ ਦਾ ਅਨੁਮਾਨ ਹੈ, ਜੋ ਕਿ ਬੱਜਟ 2022 ਦੇ ਅਨੁਮਾਨ ਤੋਂ ਲਗਭਗ $9.8 ਬਿਲੀਅਨ ਘੱਟ ਹੈ। ਇਸ ਸੁਧਾਰ ਦਾ ਕਾਰਨ 2022-23 ਵਿੱਚ ਉਮੀਦ ਨਾਲੋਂ ਬੇਹਤਰ ਸੰਚਾਲਨ ਨਤੀਜਿਆਂ ਨੂੰ ਦਿੱਤਾ ਗਿਆ ਹੈ, ਜੋ ਕਿ ਕੁਝ ਖੇਤਰਾਂ ਵਿੱਚ ਤੇਜ਼ੀ ਨਾਲ ਆਰਥਕ ਮੁੜ-ਬਹਾਲੀ ਅਤੇ ਅਨੁਮਾਨਿਤ ਇੰਕਮ-ਟੈਕਸ ਤੋਂ ਆ ਰਹੀ ਆਮਦਨੀ ਤੋਂ ਜ਼ਿਆਦਾ ਸਨ।

ਟੈਕਸ ਅਦਾ ਕਰਨ ਵਾਲਿਆਂ ਦੀ ਸਹਾਇਤਾ ਨਾਲ ਇਕੱਠਾ ਹੋਏ ਕਰਜ਼ੇ -ਤੋਂ-ਜੀ ਡੀ ਪੀ ਅਨੁਪਾਤ, ਜੋ ਕਿ ਕ੍ਰੈਡਿਟ ਰੇਟਿੰਗ ਏਜੰਸੀਆਂ ਦੁਆਰਾ ਵਰਤਿਆ ਜਾਣ ਵਾਲਾ ਇੱਕ ਮੁੱਖ ਮਾਪਦੰਡ ਹੈ, 2023-24 ਵਿੱਚ ਲਗਭਗ 18.9% ਹੋਣ ਦੀ ਉਮੀਦ ਹੈ ਅਤੇ ਵਿੱਤੀ ਯੋਜਨਾ ਵਿੱਚ 25% ਤੋਂ ਹੇਠਾਂ ਰਹਿਣ ਦੀ ਉਮੀਦ ਹੈ। ਕਨੇਡਿਅਨ ਸੂਬਿਆਂ ਵਿੱਚ ਇਹ ਮੁਕਲਾਬਤਨ ਘੱਟ ਕਰਜ਼ੇ-ਤੋਂ-ਜੀ ਡੀ ਪੀ ਅਨੁਪਾਤ ਸੰਕੇਤ ਦਿੰਦਾ ਹੈ ਕਿ ਸੂਬਾਈ ਕਰਜ਼ਾ ਪ੍ਰਬੰਧਨਯੋਗ ਅਤੇ ਟਿਕਾਊ ਹੈ, ਅਤੇ ਇਸ ਦਾ ਮਤਲਬ ਹੈ ਕਿ ਬੀ.ਸੀ. ਦੀ ਭਵਿੱਖ ਵਿੱਚ ਉਧਾਰ ਲੈਣ ਅਤੇ ਮੁੜਵਿੱਤੀ ਕਰਨ ਦੀ ਸਮਰੱਥਾ ਬਣੀ ਰਹੇਗੀ।

ਇੰਟਰਸਟ ਬਾਈਟ, ਜੋ ਟੈਕਸ ਅਦਾ ਕਰਨ ਵਾਲਿਆਂ ਵੱਲੋਂ ਸਹਾਇਤਾ ਪ੍ਰਾਪਤ ਵਿਆਜ ਦੇ ਖਰਚਿਆਂ ਦੇ ਸੂਬਾਈ ਸਰਕਾਰ ਦੀ ਆਮਦਨੀ ਦੇ ਪ੍ਰਤੀਸ਼ਤ ਵਜੋਂ ਪ੍ਰਤੀਨਿਧਤਾ ਕਰਦੀ ਹੈ, 2023-24 ਵਿੱਚ ਤਿੰਨ ਸੈਂਟ ਪ੍ਰਤੀ ਡੌਲਰ ਹੋਣ ਨਾਲ ਇਤਿਹਾਸਕ ਤੌਰ 'ਤੇ ਘੱਟ ਰਹੇਗੀ।

**ਬੱਚਤ ਨੂੰ ਲੋਕਾਂ ਲਈ ਇਸਤੇਮਾਲ ਕਰਨਾ**
ਇਸ ਸਮੇਂ ਅੱਪਡੇਟ ਕੀਤੀ ਗਈ *ਤੀਜੀ ਤਿਮਾਹੀ ਰਿਪੋਰਟ*, 2022-23 ਵਿੱਤੀ ਸਾਲ ਲਈ ਅਨੁਮਾਨਿਤ $3.6 ਬਿਲੀਅਨ ਦੀ ਬੱਚਤ ਦੀ ਭਵਿੱਖਬਾਣੀ ਕਰਦੀ ਹੈ, ਜੋ ਕਿ ਦੂਜੀ ਤਿਮਾਹੀ ਰਿਪੋਰਟ ਦੇ ਅਨੁਮਾਨਾਂ ਤੋਂ ਘੱਟ ਹੈ। ਇਹ ਤਬਦੀਲੀ ਪੂਰਕ ਅਨੁਮਾਨਾਂ ਰਾਹੀਂ $2.7 ਬਿਲੀਅਨ ਦੇ ਨਵੇਂ ਖਰਚਿਆਂ ਦੇ ਕਾਰਨ ਹੈ, ਜਿਸ ਵਿੱਚ ਰੈਂਟਲ ਪ੍ਰੋਟੇਕਸ਼ਨ ਫੰਡ ($500 ਮਿਲੀਅਨ), ਅਤੇ ਇੱਕ ਤੀਜਾ ਬੀ ਸੀ ਅਫੋਰਡੇਬਿਲਿਟੀ ਕ੍ਰੈਡਿਟ ਸ਼ਾਮਲ ਹੈ, ਜਿਸ ਰਾਹੀਂ ਰਹਿਣ-ਸਹਿਣ ਦੇ ਖਰਚਿਆਂ ਦੇ ਦਬਾਅ ($500 ਮਿਲੀਅਨ) ਮਹਿਸੂਸ ਕਰ ਰਹੇ ਲੋਕਾਂ ਦੀ ਮਦਦ ਕੀਤੀ ਜਾ ਸਕੇ। ਦੂਜੇ ਕੁਆਟਰ ਤੋਂ ਬਾਅਦ ਹੋਏ ਆਮਦਨੀ ਵਿੱਚ ਸੁਧਾਰ ਨੇ ਕੁਝ ਹੱਦ ਤੱਕ ਖਰਚਿਆਂ ਦੇ ਨਾਲ ਸੰਤੁਲਨ ਬਣਾਇਆ ਹੈ।

ਮੌਜੂਦਾ ਸਾਲ ਦੀ ਬੱਚਤ ਸੂਬੇ ਨੂੰ ਸੇਵਾਵਾਂ ਵਿੱਚ ਮੁੜ ਨਿਵੇਸ਼ ਕਰਨ ਦੇ ਸਮਰੱਥ ਬਣਾਉਂਦੀ ਹੈ ਅਤੇ ਲੋਕਾਂ ਨੂੰ ਹੁਣ ਅਤੇ ਲੰਮੇ ਸਮੇਂ ਲਈ ਲੋੜੀਂਦੀ ਸਹਾਇਤਾ ਦਿੰਦੀ ਹੈ। ਜਿਵੇਂ ਸੂਬਾ ਬੱਚਤ ਦੀ ਵਰਤੋਂ ਲੋਕਾਂ ਲਈ ਕਰਦਾ ਹੈ ਅਤੇ ਆਮਦਨੀ ਦੇ ਅਨੁਮਾਨ ਵਿੱਚ ਅੱਪਡੇਟ ਹੁੰਦੇ ਹਨ, ਬੱਚਤ ਦੇ ਅਨੁਮਾਨ ਦਾ ਬਦਲਣਾ ਜਾਰੀ ਰਹੇਗਾ। ਅਖੀਰਲੀ ਰਕਮ ਜਨਤਕ ਖਾਤਿਆਂ ਰਾਹੀਂ ਜਾਰੀ ਕੀਤੀ ਜਾਵੇਗੀ। ਵਿੱਤੀ ਸਾਲ ਦੇ ਅੰਤ ਵਿੱਚ ਬਾਕੀ ਬਚੇ ਫੰਡਜ਼ ਦੀ ਵਰਤੋਂ ਭਵਿੱਖ ਦੇ ਖਰਚਿਆਂ ਅਤੇ ਪ੍ਰੋਗਰਾਮਾਂ ਲਈ ਵਧੇਰੇ ਵਿੱਤੀ ਸਮਰੱਥਾ ਬਣਾਉਣ ਲਈ ਸੂਬਾਈ ਕਰਜ਼ੇ ਦਾ ਭੁਗਤਾਨ ਕਰਨ ਲਈ ਕੀਤੀ ਜਾਵੇਗੀ।

ਪੂਰਕ ਅਨੁਮਾਨਾਂ ਦੁਆਰਾ ਫੰਡ ਪ੍ਰਾਪਤ ਪਹਿਲਕਦਮੀਆਂ ਵਿੱਚ ਸ਼ਾਮਲ ਹਨ:

- $1 ਬਿਲੀਅਨ 'ਗ੍ਰੋਇੰਗ ਕਮਿਊਨਿਟੀਜ਼ ਫੰਡ'
- BC Ferries ਨੂੰ ਕਿਰਾਇਆਂ ਨੂੰ ਕਿਫ਼ਾਇਤੀ ਰੱਖਣ ਲਈ $500 ਮਿਲੀਅਨ
- $450 ਮਿਲੀਅਨ 'ਕ੍ਰਿਟਿਕਲ ਕਮਿਊਨਿਟੀ ਇੰਫ੍ਰਾਸਟ੍ਰਕਚਰ' ਫੰਡਿੰਗ
- $160 ਮਿਲੀਅਨ ਭੋਜਨ ਸੁਰੱਖਿਆ ਪਹਿਲਕਦਮੀਆਂ ਲਈ
- $150 ਮਿਲੀਅਨ ਬੀ.ਸੀ. ਕੈਂਸਰ ਫਾਊਂਡੇਸ਼ਨ ਲਈ
- $150 ਮਿਲੀਅਨ ਸਥਾਨਕ, ਇੰਡੀਜਨਸ, ਅਤੇ ਦੂਰ-ਦੁਰਾਡੇ ਦੀਆਂ ਕਮਿਊਨਿਟੀਆਂ ਨੂੰ 'ਨੈਕਸਟ ਜਨਰੇਸ਼ਨ 911 ਸੇਵਾਵਾਂ' ਨੂੰ ਲਾਗੂ ਕਰਨ ਲਈ ਤਿਆਰ ਕਰਨ ਲਈ
- 'ਵਾਟਰਸ਼ੈਡ ਸਿਕਿਉਰਿਟੀ ਫੰਡ' ਲਈ $100 ਮਿਲੀਅਨ
- ਫਰਸਟ ਨੇਸ਼ਨਜ਼ ਨਾਲ ਮੌਜੂਦਾ ਰਿਕੰਸਲੀਏਸ਼ਨ (ਮੇਲ-ਮਿਲਾਪ) ਸਮਝੌਤਿਆਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਲਈ $75 ਮਿਲੀਅਨ
- ਪਬਲਿਕ ਲਾਈਬ੍ਰੇਰੀਆਂ ਲਈ $45 ਮਿਲੀਅਨ, ਜੋ ਕਿ ਪਹੁੰਚਯੋਗਤਾ, ਸਮਾਵੇਸ਼ੀ, ਅਤੇ ਰਿਕੰਸਲੀਏਸ਼ਨ ਦਾ ਸਹਿਯੋਗ ਕਰਨ, ਅਤੇ ਵਧਦੀਆਂ ਲਾਗਤਾਂ ਅਤੇ ਸੇਵਾਵਾਂ ਦੀ ਵਧਦੀ ਮੰਗ ਨਾਲ ਨਜਿੱਠੇਗਾ। ਇਸ ਵਿੱਚ ਲਾਈਬ੍ਰੇਰੀਆਂ ਲਈ ਕਿਤਾਬਾਂ ਅਤੇ ਡਿਜੀਟਲ ਸੰਗ੍ਰਹਿ, ਪ੍ਰੋਗਰਾਮਾਂ, ਤਕਨਾਲੋਜੀ, ਅਤੇ ਸੰਚਾਲਨ ਦੇ ਘੰਟਿਆਂ ਤੱਕ ਪਹੁੰਚ ਨੂੰ ਬੇਹਤਰ ਬਣਾਉਣ ਦੇ ਮੌਕੇ ਸ਼ਾਮਲ ਹਨ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਰਿਲੇਸ਼ਨਜ਼
250 208-7705